# ਪੰਜਾਬ ਸਰਕਾਰ ਸਿੱਖਿਆ ਵਿਭਾਗ

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.), ਪੰਜਾਬ,
ਸਮੂਹ ਜਿਲ੍ਹਾ ਸਿੱਖਿਆ ਅਫਸਰ (ਐ.ਸਿ.), ਪੰਜਾਬ,
ਸਮੂਹ ਸਕੂਲ ਮੁੱਖੀ, ਸਰਕਾਰੀ ਸਕੂਲ ਪੰਜਾਬ,
ਸਮੂਹ ਬੀ.ਪੀ.ਈ.ਓ., ਪੰਜਾਬ

ਮੀਮੋ ਨੰ. 15/55-2019ਕੋ.ਸੈਲ.(1)/427586 ਮਿਤੀ: 17-12-2019

ਵਿਸ਼ਾ: ਪਰਖ ਸਮਾਂ ਪਾਰ ਕਰਨ ਅਤੇ ਕਨਫਰਮੇਸ਼ਨ ਕਰਨ ਸਬੰਧੀ ਪ੍ਰਕਿਰਿਆ ਆਨ-ਲਾਈਨ ਕਰਨ ਸਬੰਧੀ।

1.0 ਸਕੂਲ ਅਧਿਆਪਕਾਂ ਅਤੇ ਕਰਮਚਾਰੀਆਂ ਦੀ ਪਰਖ ਸਮਾਂ ਪਾਰ ਕਰਨ ਅਤੇ ਉਨ੍ਹਾਂ ਦੀ ਕਨਫਰਮੇਸ਼ਨ ਕਰਨ ਲਈ ਕਾਫੀ ਸਮਾਂ ਲੱਗ ਜਾਂਦਾ ਹੈ ਅਤੇ ਕਾਗਜ਼ੀ ਕਾਰਵਾਈ ਵੀ ਕਾਫੀ ਹੁੰਦੀ ਹੈ। ਇਸ ਸਮੱਸਿਆ ਨੂੰ ਖਤਮ ਕਰਨ ਲਈ ਸਿੱਖਿਆ ਵਿਭਾਗ ਪੰਜਾਬ ਨੇ ਪਰਖ ਕਾਲ ਸਮਾਂ ਅਤੇ ਕਨਫਰਮੇਸ਼ਨ ਨੂੰ ਆਨਲਾਈਨ ਕਰਨ ਦਾ ਫੈਸਲਾ ਲਿਆ ਹੈ। ਇਸ ਲਈ ਇੱਕ ਸਾਫਟਵੇਅਰ ਤਿਆਰ ਕੀਤਾ ਗਿਆ ਹੈ।

2.0 ਹਰੇਕ ਅਧਿਆਪਕ/ਕਰਮਚਾਰੀ ਆਪਣੇ ਪਰਖ ਕਾਲ ਸਮੇਂ/ ਕਨਫਰਮੇਸ਼ਨ ਲਈ ਆਨਲਾਈਨ ਸਕੂਲ ਮੁੱਖੀ/ਡੀ.ਡੀ.ਓ./ਡੀ.ਈ.ਓ./ਬੀ.ਪੀ.ਓ. ਨੂੰ ਆਨਲਾਈਨ ਅਪਲਾਈ ਕਰੇਗਾ।

3.0 ਇਸ ਸਬੰਧ ਵਿੱਚ ਜੇਕਰ ਕਿਸੇ ਕਿਸਮ ਦੀ ਮੁਸ਼ਕਿਲ ਆਉਂਦੀ ਹੈ ਤਾਂ ਸਕੂਲ ਮੁੱਖੀ/ਡੀ.ਡੀ.ਓ./ਡੀ.ਈ.ਓ./ਬੀ.ਪੀ.ਓ. ਆਪਣੇ ਜਿਲ੍ਹੇ ਦੇ ਸਬੰਧਿਤ ਜਿਲ੍ਹਾ ਐਮ.ਆਈ.ਐਸ. ਵਿੰਗ ਦੇ ਕੋ-ਆਰਡੀਨੇਟਰ ਨਾਲ ਸੰਪਰਕ ਕਰ ਸਕਦੇ ਹਨ। ਜਿਨ੍ਹਾਂ ਦੇ ਮੋਬਾਈਲ ਨੰਬਰ ਈ-ਪੰਜਾਬ ਸਕੂਲ ਪੋਰਟਲ ਉੱਤੇ ਉਪਲੱਬਧ ਹਨ।

4.0 ਇਸ ਸਬੰਧੀ ਸਕੂਲ ਡੀ.ਡੀ.ਓਜ਼, ਬਲਾਕ ਪ੍ਰਾਇਮਰੀ ਸਿੱਖਿਆ ਅਫਸਰ, ਜਿਲ੍ਹਾ ਸਿੱਖਿਆ ਅਫਸਰਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਵੀ ਇਸ ਸਿਸਟਮ ਨੂੰ ਆਪਣੇ ਸਕੂਲ ਜਾਂ ਦਫਤਰ ਦੇ ਈ-ਪੰਜਾਬ ਸਕੂਲ ਪੋਰਟਲ 'ਤੇ ਲਾਗਇੰਨ ਆਈ.ਡੀ. ਵਿੱਚ ਜਾ ਕੇ ਚੰਗੀ ਤਰ੍ਹਾਂ ਸਮਝ ਲੈਣ ਅਤੇ ਸਕੂਲ ਮੁੱਖੀ/ਡੀ.ਡੀ.ਓ ਵੱਲੋਂ ਅਪਲਾਈ ਕੀਤੇ ਜਾਣ ਵਾਲੇ ਪਰਖ ਸਮਾਂ ਅਤੇ ਕਨਫਰਮੇਸ਼ਨ ਸਬੰਧੀ ਅਰਜ਼ੀਆਂ ਤੇ ਰੋਜ਼ਾਨਾ ਕਾਰਵਾਈ ਕਰਨ ਅਤੇ ਕਿਸੇ ਵੀ ਪੱਧਰ ਉੱਤੇ ਕੋਈ ਅਰਜ਼ੀ ਲੰਬਿਤ ਨਾ ਰਹੇ।

5.0 ਪਰਖ ਕਾਲ ਸਮਾਂ ਪਾਰ ਕਰਨ ਅਤੇ ਕਨਫਰਮੇਸ਼ਨ ਸਬੰਧੀ ਆਨਲਾਈਨ ਅਪਲਾਈ ਕਰਨ ਸਬੰਧੀ ਹਦਾਇਤਾਂ/ਗਾਈਡਲਾਈਨਜ਼ ਨਾਲ ਨੱਥੀ ਹਨ।

ਨੱਥੀ : ਪੰਨਾ-1

ਸਕੱਤਰ ਸਕੂਲ ਸਿੱਖਿਆ, ਪੰਜਾਬ

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਡਾਇਰੈਕਟਰ ਜਨਰਲ ਸਕੂਲ ਸਿੱਖਿਆ
2. ਡੀ.ਪੀ.ਆਈ. (ਸੈ.ਸਿ.) ਪੰਜਾਬ
3. ਡੀ.ਪੀ.ਆਈ. (ਐ.ਸਿ.) ਪੰਜਾਬ
4. ਸੁਪਰਡੰਟ, ਸਿੱਖਿਆ-6 ਸ਼ਾਖਾ

ਸਕੱਤਰ ਸਕੂਲ ਸਿੱਖਿਆ, ਪੰਜਾਬ

Guidelines to submit Probation/ Confirmation Application

**(www.epunjabschool.gov.in)**

1) Teachers can login to their ePunjabSchool Staff Login.
2) Click on "Apply" menu, then "Probation/Confirmation Application".
3) Check the displayed particulars thoroughly.
4) Fill the desired information in columns.
5) Click on "Submit" button to submit the case

Once submitted by the employee, the case will go to concerned DDO login for verification of facts and necessary action. Approval fo Probation/ Confirmation clearance will be given by the DDO after verifying facts and records.